# ਪੰਜਾਬੀ—104*

# ਸੀਨੀਅਰ ਸਕੂਲ ਪਾਠਕ੍ਰਮ

## XI--XII ਜਮਾਤ

## (ਅਪਰੈਲ 2018 ਤੋਂ ਮਾਰਚ 2019)

ਸੀਨੀਅਰ ਸੈਕੰਡਰੀ ਪੱਧਰ ਤੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਾ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਕੁੱਝ-ਕੁੱਝ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਵੀ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾ ਵੀ ਉਹਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸੋ ਇਹ ਜਤਨ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

## *ਇਸ ਪਾਠਕ੍ਰਮ ਦੇ ਅਧਿਐਨ ਤੋਂ ਬਾਅਦ*

1. ਵਿਦਿਆਰਥੀ ਆਪਣੀ ਰੁਚੀ ਅਤੇ ਜ਼ਰੂਰਤ ਅਨੁਸਾਰ ਸਾਹਿਤ ਦਾ ਗੰਭੀਰ ਅਤੇ ਵਿਸ਼ੇਸ਼ ਅਧਿਐਨ ਜਾਰੀ ਰੱਖ ਸਕਣਗੇ।
2. ਉਹ ਪੰਜਾਬੀ ਸਾਹਿਤ ਦੇ ਸੁਹਜ-ਸੁਆਦ ਨੂੰ ਮਾਣ ਸਕਣਗੇ।
3. ਉਹ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈ ਜਾ ਰਹੀ ਪੰਜਾਬੀ ਭਾਸ਼ਾ ਅਤੇ ਉਸ ਦੇ ਸਾਹਿਤ ਨਾਲ ਸਹਿਜ ਸੰਬੰਧ ਸਥਾਪਿਤ ਕਰ ਸਕਣਗੇ।
4. ਉਹ ਆਪਣੇ ਅੰਦਰ ਲੇਖਣ ਸਿਰਜਨ ਦੀ ਕਲਾ ਵਿਕਸਿਤ ਕਰ ਸਕਣਗੇ ਅਤੇ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਦੇ ਯੋਗ ਹੋ ਸਕਣਗੇ।
5. ਉਹ ਪੰਜਾਬੀ ਭਾਸ਼ਾ ਰਾਹੀਂ ਰੁਜ਼ਗਾਰ ਦੇ ਮੌਕਿਆਂ ਨੂੰ ਜਾਣਨ ਬਾਰੇ ਪੰਜਾਬੀ ਭਾਸ਼ਾ ਦੀ ਅਸਰਦਾਰ ਢੰਗ ਨਾਲ ਵਰਤੋਂ ਕਰ ਸਕਣਗੇ।
6. ਇਸ ਪਾਠਕ੍ਰਮ ਰਾਹੀਂ ਵਿਦਿਆਰਥੀ ਪ੍ਰਕਾਸ਼ਨ ਅਤੇ ਸੰਚਾਰ ਮਾਧਿਅਮਾਂ ਵਿੱਚ ਆਪਣੀ ਸਮਰੱਥਾ ਦਾ ਪ੍ਰਗਟਾਵਾ ਕਰ ਸਕਣਗੇ।

# ਪੰਜਾਬੀ—104*

# XI ਗਿਆਰ੍ਹਵੀਂ

## (ਅਪਰੈਲ 2018 ਤੋਂ ਮਾਰਚ 2019)

ਇੱਕ ਪੇਪਰ 3 ਘੰਟੇ ਅੰਕ 100

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **ਸਾਹਿਤ** | 50 | | 85 |
| **ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 35 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | | 45 |
| (ੲ) ਸਾਹਿਤ, ਪਿੰਗਲ ਦੇ ਰੂਪ ਅਤੇ ਵਿਆਕਰਨ | 15 | | 45 |

ਅੰਕ ਪੀਰੀਅਡ

**ਸਾਹਿਤ** 50

**I.**

(1) **ਕਵਿਤਾ** 15 28

I. ਕਵਿਤਾ ਦੀ ਕਾਵਿ-ਟੁਕੜੀ ਨਾਲ ਸੰਬੰਧਤ 4 **ਛੋਟੇ** ਪ੍ਰਸ਼ਨ 08

II. ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ 07

(2) **ਵਾਰਤਕ** 15 28

I. ਪਾਠ ਪੁਸਤਕ ਦੇ ਆਧਾਰ ਤੇ **ਅੱਠ** ਪ੍ਰਸ਼ਨਾਂ ਵਿਚੋਂ **ਪੰਜ** ਕਰਨੇ (2X5)=10

II. ਦਿੱਤੀਆਂ ਗਈਆਂ ਵਾਰਤਕ ਟੁਕੜੀਆਂ ਵਿਚੋਂ ਕਿਸੇ ਇਕ ਵਾਰਤਕ ਟੁਕੜੀ ਦੇ **ਪੰਜ ਪ੍ਰਸ਼ਨਾਂ** ਨੂੰ ਹੱਲ ਕਰਨਾ। 05

(3) **ਨਾਟਕ** 12 24

I. ਨਾਟਕ ਦੇ **ਦੋ ਪ੍ਰਸੰਗਾਂ** (ਸਤਰਾਂ) ਵਿੱਚੋਂ ਕਿਸੇ ਇੱਕ ਪ੍ਰਸੰਗ ਤੇ **ਪੰਜ ਛੋਟੇ** ਪ੍ਰਸ਼ਨ (1X5)= 05

II. ਨਾਟਕ ਦੇ ਵਿਸ਼ੇ ਵਸਤੂ, ਪਾਤਰ ਅਤੇ ਕਥਾਨਕ (Plot) ਸੰਬੰਧੀ ਇੱਕ **ਲੰਮਾ ਪ੍ਰਸ਼ਨ** 07

(4) **ਪੰਜਾਬੀ ਸਾਹਿਤ ਦੇ ਰੂਪ**—ਕਵਿਤਾ ਤੇ ਨਾਟਕ 08

**ਭਾਸ਼ਾ**

**II. ਅਡਵਾਂਸ ਪੜ੍ਹਨ ਕੌਸ਼ਲ** 10 20

ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ ਸੰਬੰਧਤ 5 ਪ੍ਰਸ਼ਨ

**III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 25 40

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪਰਖੇ ਜਾਣਗੇ

1. ਅਖ਼ਬਾਰਾਂ ਲਈ ਰਿਪੋਰਟ ਰਚਨਾ (**ਚੋਣ ਅਧਾਰਿਤ**) 07
2. ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ 200-250 ਸ਼ਬਦਾਂ 'ਚ ਲੇਖ 10
3. ਪੱਤਰ ਰਚਨਾ (ਅਖ਼ਬਾਰ ਦੇ ਸੰਪਾਦਕ ਜਾਂ ਦਫ਼ਤਰੀ) 08

**IV. ਪਿੰਗਲ ਦੇ ਰੂਪ ਅਤੇ ਵਿਆਕਰਨ** 15

1. **ਪਿੰਗਲ ਦੀ ਪਰਿਭਾਸ਼ਾ** 02
2. **ਅਲੰਕਾਰ :** ਅਨੁਪ੍ਰਾਸ, ਰੂਪਕ, ਉਪਮਾ 04
3. **ਰਸ :** ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ 03
4. **ਅਖਾਣ :** (ੳ ਤੋਂ ਹ ਤੱਕ) 04
5. **ਸ਼ਬਦ ਸ਼ੁੱਧੀ** (4X1/2)=02

## ਨਿਰਧਾਰਤ ਪੁਸਤਕਾਂ ਅਤੇ ਚੌਣਵੇਂ ਪਾਠ

*ਚੌਣਵੀਂ ਪੰਜਾਬੀ

1. **ਵਾਰਤਕ ਰਿਸ਼ਮਾਂ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

(1) **ਹੁਕਮਨਾਮਾ** (2) **ਕਿਰਤ ਤੇ ਮਿੱਠਾ ਬੋਲਣਾ**

(3) **ਭੇਡ-ਚਾਲ** (4) **ਹੱਸਣਾ ਤੇ ਕੂਕਣਾ**

(5) **ਘੜੰਮ ਚੌਧਰੀ** (6) **ਨੈਸ਼ਨਲ ਸਟੇਡੀਅਮ ਦੀਆਂ ਯਾਦਾਂ**

(7) **ਮੁਆਫ਼ ਕਰਨਾ** (8) **ਝੱਜੈ ਕਦੇ ਨਾ ਝੂਰਹਿ ਮੂੜੇ**

2. **ਕਾਵਿ ਰੰਗ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

(1) **ਗੁਰੂ ਰਾਮਦਾਸ ਜੀ** (2) **ਗੁਰੂ ਗੋਬਿੰਦ ਸਿੰਘ ਜੀ**

(3) **ਬੁੱਲ੍ਹੇਸ਼ਾਹ** (4) **ਵਾਰਿਸ ਸ਼ਾਹ**

(5) **ਚਰਨ ਸਿੰਘ ਸ਼ਹੀਦ** (6) **ਗਿੱਲ ਮੋਰਾਂਵਾਲੀ**

(7) **ਬਚਨ ਬੇਦਿਲ** (8) **ਜਗੀਰ ਮਾਣਕੀਆ**

3. **ਰਿਸ਼ਤੇ *(ਨਾਟਕ), ਵਰਿਆਮ ਮਸਤ,*** ਪ੍ਰਕਾਸ਼ਕ, ਸ਼ਿਲਾਲੇਖ, 4/32 ਸ਼ੁਭਾਸ ਗਲੀ, ਵਿਸ਼ਵਾਸ ਨਗਰ, ਦਿੱਲੀ-32

# ਪੰਜਾਬੀ—104*

# XII (ਬਾਰ੍ਹਵੀਂ)

## (ਅਪਰੈਲ 2018 ਤੋਂ ਮਾਰਚ 2019)

ਇੱਕ ਪੇਪਰ | 3 ਘੰਟੇ | ਅੰਕ 100

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **I. ਸਾਹਿਤ** | 50 | | 75 |
| **II. ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 30 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | | 55 |
| (ੲ) ਵਿਹਾਰਕ ਵਿਆਕਰਨ | 15 | | 40 |

| | ਅੰਕ | ਪੀਰੀਅਡ |
|---|---|---|
| **I. ਸਾਹਿਤ** | 50 | 85 |
| **(1) ਕਵਿਤਾ** | 16 | 30 |
| I. ਕਵਿਤਾ ਦੀਆਂ ਕਾਵਿ-ਟੁਕੜੀਆਂ ਨਾਲ ਸੰਬੰਧਤ 4 **ਛੋਟੇ** ਪ੍ਰਸ਼ਨ | 08 | |
| II. ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ | 08 | |
| **(2) ਨਾਵਲ** | 12 | 20 |
| I. ਨਾਵਲ ਦੇ **ਕੋਈ ਦੋ ਕਥਾਅੰਸ਼ਾਂ** ਵਿੱਚੋਂ **ਕਿਸੇ ਇਕ** ਦੇ ਅਧਾਰ ’ਤੇ ਪੰਜ ਛੋਟੇ ਪ੍ਰਸ਼ਨ (1X5) | 05 | |
| II. ਨਾਵਲ ਦੇ ਵਿਸ਼ੇ ਵਸਤੂ, ਚਰਿੱਤਰ ਚਿਤਰਨ, ਕਥਾਨਕ (Plot) ਬਾਰੇ **ਦੋ ਪ੍ਰਸ਼ਨਾਂ** ਵਿਚੋਂ ਕੋਈ **ਇਕ ਪ੍ਰਸ਼ਨ** 125-150 ਸ਼ਬਦ | 07 | |
| **(3) ਨਿੱਕੀ ਕਹਾਣੀ** | 12 | 15 |
| I. ਨਿੱਕੀ ਕਹਾਣੀ ਦੇ **ਦੋ ਪ੍ਰਸੰਗਾਂ** (ਸਤਰਾਂ) ਵਿਚੋਂ **ਕਿਸੇ ਇੱਕ** ਤੇ 5 **ਛੋਟੇ** ਪ੍ਰਸ਼ਨ | 05 | |
| II. ਨਿੱਕੀ ਕਹਾਣੀ ਦੇ ਵਿਸ਼ੇ, ਚਰਿੱਤਰ-ਚਿਤਰਨ ਅਤੇ ਆਲੋਚਨਾਤਮਕ ਸਾਰ ਸੰਬੰਧੀ **ਦੋ ਪ੍ਰਸ਼ਨਾਂ ਵਿਚੋਂ ਇੱਕ ਕਰਨਾ** | 07 | |
| **(4) ਪੰਜਾਬੀ ਸਾਹਿਤ ਦਾ ਇਤਿਹਾਸ** | 10 | 10 |

ਪੰਜਾਬੀ ਸਾਹਿਤ ਵਿੱਚ **ਗੁਰਮਤਿ ਕਾਵਿ** ਤੇ **ਸੂਫੀ ਕਾਵਿ** ਦੀ ਉਤਪਤੀ, ਵਿਕਾਸ, ਵਿਚਾਰਧਾਰਾ ਅਤੇ ਵਿਸ਼ੇਸ਼ਤਾਈਆਂ ਬਾਬਤ ਪ੍ਰਸ਼ਨ (150 **ਤੋਂ** 200 **ਸ਼ਬਦਾਂ ਵਿੱਚ**)

## II. ਭਾਸ਼ਾ

| | ਅੰਕ | ਪੀਰੀਅਡ |
|---|---|---|
| **(ੳ) ਅਡਵਾਂਸ ਪੜ੍ਹਨ ਕੌਸ਼ਲ** | 10 | 30 |
| ਲਗਭਗ 150 ਸ਼ਬਦਾਂ ਦਾ ਅਣਡਿੱਠਾ ਪੈਰਾ ਅਤੇ ਉਸਦੇ 5 ਛੋਟੇ ਪ੍ਰਸ਼ਨ (2X5) | | |
| **(ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ** | 25 | 55 |
| 1. **ਸਮਾਜਿਕ** ਅਤੇ **ਸੱਭਿਆਚਾਰਕ** ਵਿਸ਼ੇ ਸੰਬੰਧੀ 200-250 ਸ਼ਬਦਾਂ ਵਿੱਚ ਲੇਖ | 10 | |
| 2. **ਇਸ਼ਤਿਹਾਰ, ਨੋਟਿਸ** (100 ਸ਼ਬਦਾਂ ਵਿੱਚ) | 07 | |
| 3. ਅਖ਼ਬਾਰ ਦੇ **ਸੰਪਾਦਕ** ਜਾਂ **ਪ੍ਰਕਾਸ਼ਕ** ਦੇ ਨਾਂ ਪੱਤਰ | 08 | |
| **(ੲ) ਵਿਹਾਰਕ ਵਿਆਕਰਨ** | 15 | 40 |
| 1. **ਮੁਹਾਵਰੇ** (ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ) ***(ਟ ਤੋਂ ਪੈਂਤੀ ਅੱਖਰੀ ਅਖੀਰ ਤੱਕ)*** | 05 | |
| 2. **ਸ਼ਬਦ ਜੋੜਾਂ ਦੇ ਨੇਮ** *(ਗ ਤੇ ਘ, ਜ ਤੇ ਝ, ਡ ਤੇ ਢ, ਵ ਤੇ ਬ, ਸਿਹਾਰੀ ਤੇ ਲਾਂ ਅਤੇ ਹੋੜਾ ਤੇ ਕਨੌੜਾ ਦੀ ਵਰਤੋਂ)* | 06 | |
| 3. **ਵਿਸਰਾਮ ਚਿੰਨ੍ਹਾਂ** ਦੀ ਵਰਤੋਂ | 03 | |
| 4. **ਵਾਕਾਂ ਨੂੰ ਸ਼ੁੱਧ ਕਰਕੇ ਲਿਖਣਾ** | 03 | |

## ਨਿਰਧਾਰਤ ਪੁਸਤਕਾਂ ਅਤੇ ਚੋਣਵੇਂ ਪਾਠ *ਚੌਣਵੀਂ ਪੰਜਾਬੀ

1. **ਕਾਵਿ ਯਾਤਰਾ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
   (1) **ਭਾਈ ਵੀਰ ਸਿੰਘ** (ਕੰਬਦੀ ਕਲਾਈ, ਤ੍ਰੇਲ ਤੁਪਕਾ)
   (2) **ਧਨੀਰਾਮ ਚਾਤ੍ਰਿਕ** (ਵਿਸਾਖੀ ਦਾ ਮੇਲਾ, ਸਮੇਂ ਦੀ ਬਹਾਰ)
   (3) **ਪ੍ਰੋ. ਪੂਰਨ ਸਿੰਘ** (ਪੰਜਾਬ ਦੇ ਦਰਿਆ)
   (4) **ਪ੍ਰੋ. ਮੋਹਨ ਸਿੰਘ** (ਤਾਜ ਮਹਲ)
   (5) **ਅੰਮ੍ਰਿਤਾ ਪ੍ਰੀਤਮ** (ਰਾਖੇ)
   (6) **ਡਾ. ਹਰਿਭਜਨ ਸਿੰਘ** (ਧੀ)
   (7) **ਸੁਰਜੀਤ ਪਾਤਰ** (ਉਹ ਦਿਨ, ਗ਼ਜ਼ਲ)
   (8) **ਮਨਜੀਤ ਟਿਵਾਣਾ** (ਰਿਸ਼ਤਿਆਂ ਦਾ ਕੀ ਰੱਖੀਏ ਨਾਂ)
2. **ਕਥਾ ਜਗਤ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
   (1) **ਰੋਲ ਨੰਬਰ** (2) **ਤਿੰਨ ਦਿਨ ਦਾ ਬੇਈਮਾਨ** (3) **ਸੂਲੀ ਉੱਤੇ ਲਟਕੇ ਪਲ**
   (4) **ਮਿਸ ਸੌਫ਼ਟ** (5) **ਤੀਜੀ ਗੱਲ** (6) **ਵਹਿੰਗੀ**
   (7) **ਮਾਂ ਦਾ ਲਾਡਲਾ** (8) **ਆਪਣਾ-ਆਪਣਾ ਹਿੱਸਾ**
3. **ਗੁਆਚਿਆ ਮੁੰਡਾ** (ਕਿਸ਼ੋਰ ਨਾਵਲ), ਜਗਦੀਸ਼ ਕੌਸ਼ਲ, ਪ੍ਰਕਾਸ਼ਕ, ਆਰਸੀ ਪਬਲਿਸ਼ਰਜ਼, ਦਰਿਆਗੰਜ ਦਿੱਲੀ